# Joint Press Release of the 12th round of India-China Corps Commander Level Meeting

August 02, 2021

---

## ਭਾਰਤ-ਚੀਨ ਕੋਰ ਕਮਾਂਡਰ ਪੱਧਰੀ ਬੈਠਕ ਦੇ 12ਵੇਂ ਗੇੜ ਬਾਰੇ ਸਾਂਝਾ ਪ੍ਰੈਸ ਬਿਆਨ

2 ਅਗਸਤ, 2021

ਭਾਰਤ-ਚੀਨ ਕੋਰ ਕਮਾਂਡਰ ਪੱਧਰੀ ਬੈਠਕ ਦਾ 12ਵਾਂ ਗੇੜ ਭਾਰਤੀ ਪੱਖ ਦੇ ਚੁਸ਼ੁਲ-ਮੋਲਡੋ ਬਾਰਡਰ ਦੇ ਮੀਟਿੰਗ ਪੁਆਇੰਟ 'ਤੇ ਹੋਇਆ। ਬੈਠਕ ਦਾ ਇਹ ਗੇੜ ਦੁਸ਼ਾਂਬੇ ਵਿੱਚ 14 ਜੁਲਾਈ ਨੂੰ ਹੋਈ ਚੀਨੀ ਲੋਕ ਗਣਰਾਜ ਦੇ ਅਤੇ ਭਾਰਤੀ ਵਿਦੇਸ਼ ਮੰਤਰੀਆਂ ਦੀ ਬੈਠਕ ਅਤੇ 25 ਜੂਨ ਨੂੰ ਭਾਰਤ-ਚੀਨ ਸਰਹੱਦੀ ਮਾਮਲੇ ਸਲਾਹ-ਮਸ਼ਵਰਾ ਅਤੇ ਤਾਲਮੇਲ ਕਾਰਜਕਾਰੀ ਤੰਤਰ ਦੀ 22ਵੀਂ ਬੈਠਕ (WMCC) ਤੋਂ ਬਾਅਦ ਕੀਤਾ ਗਿਆ।

ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਪੱਛਮੀ ਖੇਤਰ ਵਿੱਚ ਅਸਲ ਕੰਟਰੋਲ ਰੇਖਾ ਉੱਤੇ ਡਿਸਇੰਗੇਜਮੈਂਟ ਨਾਲ ਸਬੰਧਤ ਬਾਕੀ ਮੁੱਦਿਆਂ ਦੇ ਹੱਲ ਬਾਰੇ ਦੋਵਾਂ ਪੱਖਾਂ ਵਿਚਾਲੇ ਖੁੱਲੇ ਤੌਰ 'ਤੇ ਅਤੇ ਡੂੰਘਾਈ ਨਾਲ ਵਿਚਾਰ ਵਟਾਂਦਰਾ ਹੋਇਆ। ਦੋਵਾਂ ਪੱਖਾਂ ਨੇ ਮੁਲਾਕਾਤ ਦੇ ਇਸ ਗੇੜ ਨੂੰ ਉਸਾਰੂ ਕਿਹਾ, ਜਿਸ ਨਾਲ ਆਪਸੀ ਸਮਝ ਹੋਰ ਵਧੀ ਹੈ। ਉਨ੍ਹਾਂ ਨੇ ਬਾਕੀ ਮੁੱਦਿਆਂ ਨੂੰ ਮੌਜੂਦਾ ਸਮਝੌਤਿਆਂ ਅਤੇ ਨਿਯਮਾਂ ਅਨੁਸਾਰ ਤੇਜ਼ੀ ਨਾਲ ਹੱਲ ਕਰਨ ਅਤੇ ਗੱਲਬਾਤ ਅਤੇ ਇਸਦੀ ਰਫਤਾਰ ਨੂੰ ਕਾਇਮ ਰੱਖਣ 'ਤੇ ਸਹਿਮਤੀ ਦਿੱਤੀ।

ਦੋਵੇਂ ਪੱਖ ਇਸ ਗੱਲ 'ਤੇ ਵੀ ਸਹਿਮਤ ਹੋਏ ਕਿ ਅੰਤਰਿਮ ਵਕਫ਼ੇ ਦੌਰਾਨ ਉਹ ਪੱਛਮੀ ਖੇਤਰ ਵਿੱਚ LAC ਉੱਤੇ ਸਥਿਰਤਾ ਨੂੰ ਯਕੀਨੀ ਬਣਾਉਣ ਅਤੇ ਸਾਂਝੇ ਤੌਰ' ਤੇ ਸ਼ਾਂਤੀ ਬਣਾਈ ਰੱਖਣ ਲਈ ਆਪਣੀਆਂ ਕਾਰਗਰ ਕੋਸ਼ਿਸ਼ਾਂ ਜਾਰੀ ਰੱਖਣਗੇ।

ਨਵੀਂ ਦਿੱਲੀ
2 ਅਗਸਤ, 2021

DISCLAIMER: This is an approximate translation. The original is available in English on MEA's website and may be referred to as the official press release.